ISSN: 2584-0509



# ਮਹਿੰਦਰ ਸਿੰਘ ਸਰਨਾ ਦੀ ਪੰਜਾਬੀ ਕਹਾਣੀ ਨੂੰ ਦੇਣ:ਪੁਨਰ ਪੜ੍ਹਤ



**ਡਾ. ਹਰਪ੍ਰੀਤ ਕੌਰ**
ਸਹਾਇਕ ਪ੍ਰੋਫੈਸਰ,
ਪੰਜਾਬੀ ਵਿਭਾਗ
ਸ੍ਰੀ ਗੁਰੂ ਗ੍ਰੰਥ ਸਾਹਿਬ
ਵਰਲਡ ਯੂਨੀਵਰਸਿਟੀ,
ਫਤਹਿਗੜ੍ਹ ਸਾਹਿਬ।
ਈ. ਮੇਲ:
hpreett@gmail.com

ਮਹਿੰਦਰ ਸਿੰਘ ਸਰਨਾ (1923-2001) ਪੰਜਾਬੀ ਸਾਹਿਤ ਵਿਚ ਕਹਾਣੀਕਾਰ ਵਜੋਂ ਪ੍ਰਵਾਨ ਚੜ੍ਹਿਆ ਉੱਘਾ ਲੇਖਕ ਹੈ। ਕਹਾਣੀ ਤੋਂ ਇਲਾਵਾ ਉਸ ਨੇ ਨਾਵਲ ਅਤੇ ਮਹਾਂਕਾਵਿ ਦੀ ਰਚਨਾ ਵੀ ਕੀਤੀ। ਉਸ ਨੇ ਪੱਥਰ ਦੇ ਆਦਮੀ-1950, ਸ਼ਗਨਾਂ ਭਰੀ ਸਵੇਰ-1951, ਸੁਪਨਿਆਂ ਦੀ ਸੀਮਾਂ-1958, ਵੰਝਲੀ ਤੇ ਵਿਲਕਣੀ-1959, ਛਵੀਆਂ ਦੀ ਰੁੱਤ 1961, ਕਲਿੰਗਾ 1968, ਸੁੰਦਰ ਘਾਟੀ ਦੀ ਸਹੁੰ 1980, ਸੂਹਾ ਸਾਲੂ-ਸੂਹਾ ਗੁਲਾਬ 1980, ਕਾਲਾ ਬੱਦਲ ਕੂਲੀ ਧੁੱਪ-1984, ਨਵੇਂ ਯੁਗ ਦੇ ਵਾਰਸ-1991, ਔਰਤ ਈਮਾਨ 1993 ਅਤੇ ਮੇਰੀਆਂ ਚੋਣਵੀਆਂ ਕਹਾਣੀਆਂ 1993 ਦੇ ਰੂਪ ਵਿਚ ਬਾਰਾਂ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਉਸ ਨੂੰ 'ਨਵੇਂ ਯੁਗ ਦੇ ਵਾਰਸ' ਕਹਾਣੀ ਸੰਗ੍ਰਹਿ ਲਈ 1994 ਵਿਚ ਸਾਹਿਤ ਅਕਾਦਮੀ ਸਨਮਾਨ ਪ੍ਰਾਪਤ ਹੋਇਆ।

## ਪੰਜਾਬੀ ਕਹਾਣੀ ਦੀ ਇਤਿਹਾਸਕਾਰੀ, ਖੋਜ, ਆਲੋਚਨਾ ਅਤੇ ਮਹਿੰਦਰ ਸਿੰਘ ਸਰਨਾ:

ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਉੱਤੇ ਉਪਾਧੀ-ਸਾਪੇਖ ਅਤੇ ਉਪਾਧੀ ਨਿਰਪੇਖ ਖੋਜ ਹੋਈ ਹੈ। ਹੋਈ ਖੋਜ ਤੇ ਆਲੋਚਨਾ ਵਿਚ ਕਹਾਣੀਆ ਦਾ ਵਿਸ਼ਾਮੂਲਕ, ਤੱਤਮੂਲਕ ਦ੍ਰਿਸ਼ਟੀ ਤੋਂ ਕਲਾਤਮਕ ਪੱਖ, ਵਿਚਾਰਧਾਰਾਈ ਤੇ ਬਿਰਤਾਂਤ-ਸ਼ਾਸਤਰੀ, ਸਮਾਜ-ਸ਼ਾਸਤਰੀ ਅਤੇ ਤੁਲਨਾਤਮਕ ਅਧਿਐਨ ਹੋਏ ਹਨ। ਇਹ ਅਧਿਐਨ ਉਸ ਦੇ ਇਕਹਿਰੇ ਕਹਾਣੀ ਤੋਂ ਲੈ ਕੇ ਸਮੁੱਚੇ ਸੰਗ੍ਰਿਹਾਂ ਤੱਕ ਕੀਤਾ ਗਿਆ ਹੈ। ਇਸ ਖੋਜ ਤੇ ਆਲੋਚਨਾ ਦਾ ਘੇਰਾ 1951 ਈ. ਤੋਂ ਲੈ ਕੇ 2018 ਈ. ਤੱਕ ਫੈਲਿਆ ਹੋਇਆ ਹੈ। ਹੋਈ ਖੋਜ ਦਾ ਕਾਲਕ੍ਰਮ ਮੁਤਾਬਕ ਬਿਉਰਾ ਹੇਠਾਂ ਦਰਜ ਹੈ:

1. ਐਸ.ਸੋਜ, ਕਹਾਣੀਕਾਰ ਸਰਨਾ-ਸ਼ਗਨਾ ਭਰੀ ਸਵੇਰ ਇੱਕ ਚਿੰਤਨ, ਨੀਲਮ ਪ੍ਰਕਾਸ਼ਨ, ਪਟਿਆਲਾ, 1951.
2. ਦੇਵਿੰਦਰ ਕੌਰ, ਪਾਰਦਰਸ਼ੀ (ਮਹਿੰਦਰ ਸਿੰਘ ਸਰਨਾ ਦੀ ਕਹਾਣੀ ਕਲਾ ਦਾ ਆਲੋਚਨਾਤਮਕ ਵਿਸ਼ਲੇਸ਼ਣ), ਨਵੀਨ ਸਾਹਿਤ ਕੇਂਦਰ, ਪਟਿਆਲਾ, 1976.
3. ਬੀਨਾ ਰਾਣੀ, ਮਹਿੰਦਰ ਸਿੰਘ ਸਰਨਾ ਦੀ ਕਹਾਣੀ ਕਲਾ (ਖੋਜ-ਨਿਬੰਧ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.
4. ਡਾ. ਹਰਬੰਸ ਕੌਰ ਗਿੱਲ, ਕਹਾਣੀਕਾਰ ਮਹਿੰਦਰ ਸਿੰਘ ਸਰਨਾ (ਇਤਿਹਾਸ ਅਤੇ ਆਲੋਚਨਾ), ਸਾਹਿਤ ਸੰਗਮ, ਲੁਧਿਆਣਾ, 1989

5. ਜਸਵੀਰ ਸਿੰਘ, ਕਹਾਣੀਕਾਰ ਮਹਿੰਦਰ ਸਿੰਘ ਸਰਨਾ (ਖੋਜ-ਨਿਬੰਧ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990

6. ਸਵਰਨਜੀਤ ਕੌਰ, ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਦਾ ਸਮਾਜ-ਸ਼ਾਸਤਰੀ ਅਧਿਐਨ (ਖੋਜ-ਪ੍ਰਬੰਧ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2009.

7. ਦਲਵਿੰਦਰ ਕੌਰ, ਮਹਿੰਦਰ ਸਿੰਘ ਸਰਨਾ ਦੇ ਗਲਪ ਦਾ ਵਿਚਾਰਧਾਰਾਈ ਅਤੇ ਬਿਰਤਾਂਤ ਸ਼ਾਸਤਰੀ ਅਧਿਐਨ (ਖੋਜ-ਪ੍ਰਬੰਧ), ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016

8. ਪਲਵਿੰਦਰ ਕੌਰ, ਨਵਤੇਜ ਸਿੰਘ, ਮਹਿੰਦਰ ਸਿੰਘ ਸਰਨਾ ਅਤੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ: ਤੁਲਨਾਤਮਕ ਅਧਿਐਨ (ਖੋਜ-ਪ੍ਰਬੰਧ), ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ, 2018.

ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਵਕਤ ਮਹਿੰਦਰ ਸਿੰਘ ਸਰਨਾ ਨੂੰ ਦੂਜੀ ਪੀੜ੍ਹੀ ਦਾ ਕਹਾਣੀਕਾਰ ਮੰਨਿਆ ਗਿਆ ਹੈ[1] ਪਰ ਉਸ ਨੂੰ ਕਹਾਣੀਕਾਰਾਂ ਦੀ ਤੀਜੀ ਪੀੜ੍ਹੀ ਵਿਚ ਸ਼ਾਮਿਲ ਕਰਨ ਦੇ ਵੇਰਵੇ ਵੀ ਮਿਲਦੇ ਹਨ।[2] ਡਾ.ਹਰਬੰਸ ਕੌਰ ਗਿੱਲ ਵੀ ਉਸ ਨੂੰ ਤੀਜੀ ਪੀੜ੍ਹੀ ਦਾ ਕਹਾਣੀਕਾਰ ਮੰਨਦੀ ਹੈ। ਉਸ ਅਨੁਸਾਰ,"ਮਹਿੰਦਰ ਸਿੰਘ ਸਰਨਾ ਪੰਜਾਬੀ ਕਹਾਣੀਕਾਰਾਂ ਦੀ ਤੀਸਰੀ ਪੀੜ੍ਹੀ ਦਾ ਮੋਢੀ ਕਹਾਣੀਕਾਰ ਹੈ। ਉਸ ਨੇ ਭਾਰਤ ਦੀ ਆਜ਼ਾਦੀ ਦੇ ਵਰ੍ਹੇ (1947) ਵਿਚ ਰੁਮਾਂਚਿਕਤਾ ਦੀ ਐਨਕ ਲਾਹ ਕੇ, ਪਹਿਲੀ ਵਾਰੀ ਕਲਮ ਨੂੰ ਚੁੰਮਿਆ।"[3] ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਦੇ ਅਧਿਐਨ ਵਕਤ ਇਹ ਕਿਹਾ ਜਾਂਦਾ ਹੈ ਕਿ ਉਹ ਕਿਸੇ ਵਾਦ-ਵਿਵਾਦ ਵਿਚ ਬੱਝ ਕੇ ਕਹਾਣੀ ਨਹੀਂ ਲਿਖਦਾ ਸਗੋਂ ਜਨ-ਜੀਵਨ ਵਿਚ ਵਾਪਰਦੇ ਨੂੰ ਸਮਾਜਕ ਚੇਤਨਾ ਦੀ ਤੱਕੜੀ ਵਿਚ ਤੋਲ ਕੇ ਪੇਸ਼ ਕਰਦਾ ਹੈ।[4] ਪਰ ਇਸ ਦੇ ਨਾਲ ਹੀ ਉਸ ਨੂੰ ਪ੍ਰਗਤੀਵਾਦੀ ਸੋਚ ਦਾ ਧਾਰਨੀ ਕਹਾਣੀਕਾਰ ਵੀ ਕਿਹਾ ਗਿਆ ਹੈ।[5] ਸਰਨੇ ਨੂੰ ਵਿਰਕ ਦਾ ਹਾਣੀ ਮੰਨਣ ਦੇ ਵੇਰਵੇ ਵੀ ਮਿਲਦੇ ਹਨ,"ਉਹ ਦੁਗਲ ਨਾਲੋਂ ਵਧੇਰੇ ਵਿਰਕ ਦਾ ਹਾਣੀ ਨਜ਼ਰ ਆਉਂਦਾ ਹੈ। ਜਿਥੇ ਦੁਗਲ ਨੇ ਕਲਾ ਕਲਾ ਲਈ ਤੋਂ ਲੈ ਕੇ ਕਲਾ ਸਮਾਜ ਲਈ ਤਕ ਦਾ ਸਫਰ ਕੀਤਾ ਹੈ ਵਿਰਕ ਤੇ ਸਰਨਾ ਕਲਾ ਨੂੰ ਸਮਾਜ ਲਈ ਮੰਨ ਕੇ ਹੀ ਤੁਰੇ ਹਨ ਤੇ ਉਸੇ ਸਿਧਾਂਤ ਦਾ ਪ੍ਰਤਿਪਾਲਨ ਕਰਦੇ ਆ ਰਹੇ ਹਨ। ਇਹ ਤੱਥ ਸਰਨੇ ਨੂੰ ਇਕ ਸੁਚੇਤ ਤੇ ਸਮਾਜਕ ਤੌਰ 'ਤੇ ਪ੍ਰਤਿਬੱਧ ਲੇਖਕ ਦੇ ਰੂਪ ਵਿਚ ਸਥਾਪਤ ਕਰਦਾ ਹੈ"[6]

ਇਸ ਤਰ੍ਹਾਂ ਵੰਨ-ਸੁਵੰਨੀਆਂ ਤੇ ਕੁੱਝ ਕੁ ਵਿਰੋਧੀ ਧਾਰਨਾਵਾਂ ਸਰਨਾ ਦੀ ਕਹਾਣੀ ਬਾਰੇ ਮਿਲਦੀਆਂ ਹਨ। ਇਸ ਭਾਂਤ ਦੀ ਸਥਿਤੀ ਹੀ ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਵਿਚੋਂ ਝਲਕਦੀ ਹੈ; ਮਸਲਨ ਸਰਨਾ ਦੇ ਦੂਜੀ ਜਾਂ ਤੀਜੀ ਪੀੜ੍ਹੀ ਦੇ ਕਹਾਣੀਕਾਰ ਹੋਣ ਬਾਰੇ ਮਤਭੇਦ ਹਨ। ਇਸ ਸਥਿਤੀ ਵਿਚ ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਨੂੰ ਅਧਾਰ ਬਣਾ ਕੇ ਵੇਖੀਏ ਤਾਂ ਉਸ ਦਾ ਸਿਰਜਣਾ ਸਫਰ 1950 ਤੋਂ 1993 ਤੱਕ ਫੈਲਿਆ ਹੋਇਆ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਦੂਜੇ ਪੜਾਅ ਦੀ ਕਹਾਣੀ ਨੂੰ ਪ੍ਰਗਤੀਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ ਦਾ ਨਾਂ ਦਿੱਤਾ ਗਿਆ ਹੈ ਅਤੇ ਇਸ ਦਾ ਸਮਾਂ 1936 ਤੋਂ 1965 ਤੱਕ ਮੰਨਿਆ ਗਿਆ ਹੈ।[7] ਇਸ ਸਥਿਤੀ ਵਿਚ ਮਹਿੰਦਰ ਸਿੰਘ ਸਰਨਾ ਦੀ ਕਹਾਣੀ ਦੀ ਰੂਪਾਕਾਰਕ ਬਣਤਰ ਤੇ ਪ੍ਰਵਚਨ ਨੂੰ ਆਧਾਰ ਬਣਾ ਕੇ ਤਰਕਸੰਗਤ ਨਿਰਣਾ ਕੀਤਾ ਜਾ ਸਕਦਾ ਹੈ।

**ਲੇਖਕ ਦਾ ਸਮਾਜਕ-ਸਭਿਆਚਾਰਕ ਅਨੁਭਵ ਅਤੇ ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ:** ਰਚਨਾਕਾਰ ਦਾ ਸਮਾਜਕ-ਸਭਿਆਚਾਰਕ ਅਨੁਭਵ ਰਚਨਾਕਾਰੀ ਨੂੰ ਅਚੇਤ/ਸੁਚੇਤ ਪ੍ਰਭਾਵਿਤ ਕਰਦਾ ਹੈ। ਨਿੱਜੀ ਅਨੁਭਵ ਦੇ ਰੂਪ ਵਿਚ ਹਾਸਿਲ ਹੋਏ ਇਹ ਪ੍ਰਭਾਵ ਰਚਨਾ ਸੰਸਾਰ ਨੂੰ ਵਿਲੱਖਣ ਰੰਗਤ ਦਿੰਦੇ ਵੇਖੇ ਜਾ ਸਕਦੇ ਹਨ। ਮਹਿੰਦਰ ਸਿੰਘ ਸਰਨਾ ਦਾ ਜਨਮ ਰਾਵਲਪਿੰਡੀ, ਪਾਕਿਸਤਾਨ ਵਿਖੇ ਹੋਇਆ। ਉਸ ਨੇ ਦੇਸ ਵੰਡ ਸਮੇਂ ਹਿਜ਼ਰਤ ਨੂੰ ਹੱਡੀਂ ਹੰਡਾਇਆ। ਇੰਡੀਅਨ ਆਡਿਟ ਐਂਡ ਅਕਾਊਂਟਸ ਸਰਵਿਸ ਦੇ ਮਹਿਕਮੇ ਵਿਚ ਨੌਕਰੀ ਦੌਰਾਨ ਵਿਭਿੰਨ ਅਹੁਦਿਆਂ ਉੱਤੇ ਤਾਇਨਾਤੀ ਨੇ ਉਸ ਦੇ ਅਨੁਭਵ ਨੂੰ ਵੰਨ-ਸੁਵੰਨਤਾ ਦਿੱਤੀ। ਇਸ ਤਰ੍ਹਾਂ ਸਰਨਾ ਦਾ ਸਮਾਜਕ-ਸਭਿਆਚਾਰਕ ਅਨੁਭਵ ਦੇਸ-ਵੰਡ ਤੋਂ ਪਹਿਲਾਂ ਦੇ ਸਾਂਝੇ ਪੇਂਡੂ ਪੰਜਾਬ ਅਤੇ ਵੰਡ ਤੋਂ ਬਾਅਦ ਦੇ ਸ਼ਹਿਰੀ ਸਮਾਜ ਨਾਲ ਜੁੜਦਾ ਹੈ। ਮਹਿੰਦਰ ਸਿੰਘ ਸਰਨਾ ਦੇ ਸਮਾਜਕ-ਸਭਿਆਚਾਰਕ ਅਨੁਭਵ ਦੇ ਉਪਰੋਕਤ ਪਸਾਰਾਂ ਦਾ ਅਸਰ ਉਸ ਦੀਆਂ ਕਹਾਣੀਆਂ ਵਿਚ ਵੇਖਿਆ ਜਾ ਸਕਦਾ ਹੈ। ਉਸ ਦੀਆਂ ਕਹਾਣੀਆਂ ਪੇਂਡੂ ਤੇ ਸ਼ਹਿਰੀ ਅਨੁਭਵ ਨੂੰ ਆਪਣੇ ਕਲੇਵਰ ਵਿਚ ਲੈਂਦੀਆਂ ਹਨ। ਦੇਸ-ਵੰਡ ਨਾਲ ਸਬੰਧਿਤ ਕਹਾਣੀਆਂ ਵਿਚ ਸਾਂਝੇ ਪੰਜਾਬ ਦੀ ਤਸਵੀਰਕਸ਼ੀ, ਸਾਂਝੇ ਪੰਜਾਬ ਦੀ ਭਾਈਚਾਰਕ ਸਾਂਝੀਵਾਲਤਾ ਦੇ ਸਜੀਵ ਦ੍ਰਿਸ਼ ਤੇ ਪਾਤਰਾਂ ਦੀ ਬੋਲੀ ਦਾ ਪੋਠੋਹਾਰੀ ਲਹਿਜ਼ਾ ਅਤੇ ਕਹਾਣੀਆਂ ਵਿਚ ਭਾਈਚਾਰਕ ਸਾਂਝੀਵਾਲਤਾ ਦੇ ਉੱਸਰਦੇ ਪ੍ਰਵਚਨ ਨੂੰ ਉਸ ਦੇ ਨਿੱਜੀ ਅਨੁਭਵ ਦੀ ਦੇਣ ਵਜੋਂ ਵੇਖਿਆ ਜਾ ਸਕਦਾ ਹੈ।

ਮਹਿੰਦਰ ਸਿੰਘ ਸਰਨਾ ਦੇ ਮੁਤਾਬਕ," ਬਹੁਤਾ ਕਰਕੇ ਮੈਂ ਸ਼ਹਿਰੀ ਜੀਵਣ ਬਾਰੇ ਹੀ ਲਿਖਿਆ ਹੈ ਕਿਉਂਜੋ ਮੇਰਾ ਨਿਜੀ ਅਨੁਭਵ ਬਹੁਤਾ ਸ਼ਹਿਰੀ ਰਹਿਣੀ ਬਹਿਣੀ ਦਾ ਹੀ ਹੈ। ਪਰ ਇਹਦੇ ਨਾਲ ਨਾਲ ਇਹ ਵੀ ਸੱਚ ਹੈ ਕਿ ਜੋ ਕਹਾਣੀਆਂ ਮੇਰੀਆਂ ਵਧੇਰੇ ਗੌਲੀਆਂ ਗਈਆਂ ਹਨ ਉਹ ਪੇਂਡੂ ਮਾਹੌਲ ਦੀਆਂ ਹਨ।"[8] ਕਹਾਣੀਕਾਰ ਦਾ ਇਹ ਕਥਨ ਡਾ. ਗੁਰਮੁਖ ਸਿੰਘ ਦੀ ਪੰਜਾਬੀ ਨਾਵਲ ਦੇ ਹਵਾਲੇ ਨਾਲ ਦਿੱਤੀ ਧਾਰਨਾ ਦੇ ਸਮਵਿੱਥ ਤਰਕਸੰਗਤ ਜਾਪਦਾ ਹੈ। ਉਹਨਾਂ ਦਾ ਕਹਿਣਾ ਹੈ ਕਿ "ਪੰਜਾਬੀ ਸਾਹਿਤ ਦਾ ਬਹੁਤਾ ਪਾਠਕ ਅਤੇ ਚਿੰਤਕ ਪਿੰਡ ਦੀ ਸਪੇਸ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬ ਦੀ ਲੋਕਧਾਰਾ ਦਾ ਸੰਬੰਧ ਵੀ ਇਸ ਸਪੇਸ ਨਾਲ ਹੈ। ਇਹ ਇਕ ਆਪਣੀ ਹੀ ਤਰ੍ਹਾਂ ਦੀ ਹੈਜਮੋਨਿਕ ਬਣਤਰ ਹੈ ਤੇ ਇਸ ਦੀ ਕਾਰਜਸ਼ੀਲਤਾ ਕਾਰਨ/ਬਾਹਰਲਾ/ਵੱਖਰਾ ਕੇਂਦਰੀ ਸਪੇਸ ਹਾਸਿਲ ਕਰਨ ਤੋਂ ਅਸਮਰੱਥ ਰਹਿੰਦਾ ਹੈ।"[9] ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਦੇ ਅਧਿਐਨ ਤੇ ਮੁਲਾਂਕਣ ਵਕਤ ਇਹ ਨੁਕਤਾ ਵਿਚਾਰਨਯੋਗ ਹੈ।

**ਮਹਿੰਦਰ ਸਿੰਘ ਸਰਨਾ ਦੀ ਕਹਾਣੀ ਦਾ ਬਿਰਤਾਂਤਕ ਪ੍ਰਵਚਨ:** ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਨੂੰ ਸਮੁੱਚੇ ਰੂਪ ਵਿਚ ਵਾਚੀਏ ਤਾਂ ਇਹਨਾਂ ਨੂੰ ਹੇਠ ਲਿਖੇ ਮੁਤਾਬਕ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ:

ੳ. ਦੇਸ-ਵੰਡ ਨਾਲ ਸਬੰਧਤ ਕਹਾਣੀਆਂ

ਅ. ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ

ੲ. ਮਾਨਵੀ ਵਿਹਾਰ ਨੂੰ ਵਿਸ਼ਲੇਸ਼ਿਤ ਕਰਨ ਵਾਲੀਆਂ ਕਹਾਣੀਆਂ

ਸ. ਮਨੁੱਖ ਦੇ ਸੋਸ਼ਣ ਨਾਲ ਸਬੰਧਤ

ਹ. ਅਮਨ ਦੀਆਂ ਮੁਦਈ

ਕ. ਵਾਤਾਵਰਣ ਚੇਤਨਾ

15 ਅਗਸਤ 1947 ਨੂੰ ਭਾਰਤ ਦੋ ਟੁਕੜਿਆਂ ਵਿਚ ਵੰਡਿਆ ਗਿਆ। ਇਸ ਵੰਡ ਦੇ ਨਾਲ ਹੀ ਨਵੇਂ ਮੁਲਕ ਪਾਕਿਸਤਾਨ ਦਾ ਜਨਮ ਹੋਇਆ। ਫਿਰਕੂ ਆਧਾਰਾਂ 'ਤੇ ਹੋਈ ਵੰਡ ਕਾਰਨ ਆਜ਼ਾਦੀ ਦੀ ਖੁਸ਼ੀ ਵੰਡ ਦੇ ਸੰਤਾਪ ਵਿਚ ਬਦਲ ਗਈ। ਇਸ ਵੰਡ ਨੇ ਵੱਡੀ ਪੱਧਰ ਉੱਤੇ ਵਸੋਂ ਦੇ ਤਬਾਦਲੇ ਨੂੰ ਜ਼ਰੂਰੀ ਬਣਾ ਦਿਤਾ। ਇਸ ਸਮੇਂ ਫਿਰਕੂ ਹਿੰਸਾ ਦੇ ਫਲਸਰੂਪ ਹੋਈ ਕਤਲੋਗ਼ਾਰਤ ਨੇ ਨਾ ਕੇਵਲ ਨਫ਼ਰਤ ਵਿਚ ਵਾਧਾ ਕੀਤਾ ਸਗੋਂ ਹਿਜ਼ਰਤ ਕਰ ਰਹੇ ਲੋਕਾਂ ਦੇ ਪੁਨਰਵਾਸ ਦੀ ਸਮੱਸਿਆ ਨੂੰ ਵੀ ਵਿਕਰਾਲ ਬਣਾ ਦਿਤਾ। ਦੇਸ-ਵੰਡ ਦੇ ਇਸ ਦੁਖਾਂਤ

ਕਰਕੇ ਹੀ ਪੰਜਾਬੀ ਲੋਕ-ਮਾਨਸਿਕਤਾ ਵਿਚ 1947 ਦਾ ਇਤਿਹਾਸਕ ਦੌਰ 'ਹੱਲਿਆਂ' ਜਾਂ 'ਰੌਲਿਆਂ' ਵਜੋਂ ਦਰਜ ਹੈ।

ਸੰਵੇਦਨਸ਼ੀਲ ਸਾਹਿਤਕਾਰਾਂ ਨੇ ਵੰਡ ਦੇ ਸੰਕਟ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਅਤੇ ਆਪਣੀਆਂ ਰਚਨਾਵਾਂ ਵਿਚ ਪ੍ਰਗਟਾਇਆ ਹੈ। ਫਲਸਰੂਪ ਇਸ ਸੰਕਟ ਸਮੇਂ ਦੇ ਵਿਭਿੰਨ ਪਸਾਰ ਤੇ ਪਰਤਾਂ ਸਾਹਿਤਕ ਲਿਖਤਾਂ ਵਿਚ ਰੂਪਮਾਨ ਹੋਏ ਹਨ। ਸੰਪਰਦਾਇਕਤਾ ਦਾ ਵਿਰੋਧ, ਵੰਡ ਦਾ ਸੰਤਾਪ, ਰੁਦਨ, ਔਰਤ ਦੀ ਦੁਰਗਤੀ, ਵੰਡ ਦੇ ਕਾਰਨਾਂ ਦੀ ਨਿਸ਼ਾਨਦੇਹੀ ਤੇ ਮਾਨਵੀ ਸਾਂਝਾਂ ਨੂੰ ਖ਼ਤਮ ਕਰਨ ਵਾਲੇ ਫਿਰਕੂ ਜਨੂੰਨ ਨੂੰ ਨਸ਼ਰ ਕਰਨਾ ਆਦਿ ਇਹਨਾਂ ਲਿਖਤਾਂ ਦੇ ਮੁੱਖ ਸਰੋਕਾਰ ਬਣੇ ਹਨ। ਪੰਜਾਬੀ ਸਾਹਿਤ ਵਿਚ ਇਸ ਸੰਕਟ-ਸਮੇਂ ਸੰਬੰਧੀ ਅਨੇਕ ਰਚਨਾਵਾਂ ਦੀ ਸਿਰਜਣਾ ਹੋਈ ਮਿਲਦੀ ਹੈ। ਵੰਡ ਦੇ ਦੁਖਾਂਤ ਨੂੰ ਪਿਛੋਕੜ ਵਿਚ ਰੱਖ ਕੇ ਅੱਜ ਵੀ ਅਨੇਕ ਰਚਨਾਵਾਂ ਦੀ ਸਿਰਜਣਾ ਹੋ ਰਹੀ ਹੈ।

ਮਹਿੰਦਰ ਸਿੰਘ ਸਰਨਾ ਨੂੰ ਦੇਸ-ਵੰਡ ਨਾਲ ਸਬੰਧਤ ਕਹਾਣੀਆਂ ਕਰਕੇ ਵੀ ਯਾਦ ਕੀਤਾ ਜਾਂਦਾ ਹੈ। 'ਜਥੇਦਾਰ ਮੁਕੰਦ ਸਿੰਘ', 'ਹੀਰਾ ਮਿਰਗ', 'ਛਵ੍ਹੀਆਂ ਦੀ ਰੁੱਤ', 'ਗਾਜ਼ੀ', 'ਗੋਂਦਲਾਂ ਵਾਲਾ','ਔਰਤ ਈਮਾਨ', 'ਲੱਧੇ ਵਾਲਾ ਵੜੈਚ' ਆਦਿ ਕਹਾਣੀਆਂ ਦੇਸ-ਵੰਡ ਨਾਲ ਸੰਬੰਧਿਤ ਹਨ। ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਵਿਚ ਦੇਸ-ਵੰਡ ਦਾ ਦੁਖਾਂਤ ਹਿੰਸਾਂ ਅਤੇ ਹਿਜ਼ਰਤ ਦੇ ਰੂਪ ਵਿਚ ਸਿਰਜਿਆ ਗਿਆ ਹੈ। ਇਹ ਹਿੰਸਾਂ ਦਾ ਸਿਖਰ 'ਹੀਰਾ ਮਿਰਗ' ਕਹਾਣੀ ਵਿਚੋਂ ਵੇਖ ਸਕਦੇ ਹਾਂ। ਇਸ ਕਹਾਣੀ ਵਿਚ ਬੇਪਤੀ ਦੇ ਡਰੋਂ ਵਿਧਵਾ ਖੇਮ ਕੌਰ ਦੀ ਧੀ ਬੀਰੋ ਮਹੁਰਾ ਖਾ ਕੇ ਮਰ ਜਾਂਦੀ ਹੈ। ਜਿੰਨੀ ਦੇਰ ਤੱਕ ਉਸ ਨੂੰ ਮਹੁਰਾ ਨਹੀਂ ਲੱਭਦਾ ਖੇਮ ਕੌਰ ਦਾ ਕੁੱਤਾ ਮੋਤੀ ਦੰਗਈਆਂ ਨੂੰ ਟੱਕਰ ਦੇ ਕੇ ਅੰਦਰ ਵੜਨੋਂ ਰੋਕ ਕੇ ਰੱਖਣ ਦਾ ਯਤਨ ਕਰਦਾ ਮਾਰਿਆ ਜਾਂਦਾ ਹੈ। ਕਹਾਣੀ ਦੇ ਅੰਤ ਵਿਚ ਖੇਮ ਕੌਰ ਦੇ ਆਪਣੇ ਸੀਰੀ ਅਲੀ ਮੁਹੰਮਦ ਨੂੰ ਮੋਤੀ ਬਾਰੇ ਕਹੇ ਬੋਲ ਬੰਦੇ ਦੀ ਬੰਦਿਆਈ ਨੂੰ ਪ੍ਰਸ਼ਨ-ਚਿੰਨਤ ਕਰਦੇ ਹਨ:

"ਵੇ ਭਰਾਵਾ ਅਲੀ ਮੁਹੰਮਦਾ,"ਖੇਮ ਕੌਰ ਨੇ ਆਖਿਆ, "ਏਸ ਮੇਰੇ ਸਰਵਣ ਪੁੱਤਰ ਨੂੰ ਵੀ ਏਸੇ ਚਿਖਾ ਵਿਚ ਲਿਟਾ ਦੇ। ਇਹਦੇ ਸਿਦਕ ਤੋਂ ਮੈਂ ਘੋਲ ਘੱਤੀ ਆਂ। ਵੇਖੇਂ ਨਾ ਕਮਲੇ ਜਹੇ ਨੇ ਸੁੱਕੇ ਟੁੱਕਰ ਦੀਆਂ ਚਾਰ ਬੁਰਕੀਆਂ ਬਦਲੇ ਆਪਣੀ ਜਾਨ ਦੇ ਦਿੱਤੀ। ਵੇ ਮੇਰੇ ਸੁੱਚੇ ਮੋਤੀਆ, ਵੇ ਮੇਰੇ ਹੀਰੇ ਮਿਰਗਾ, ਤੇਰੀਆਂ ਦੇਣੀਆਂ ਮੈਂ ਕਿੱਥੇ ਦੇਵਾਂਗੀ। ਜਾਹ ਤੇਰਾ ਸੁਰਗਾਂ ਵਿੱਚ ਵਾਸਾ ਹੋਵੇ। ਜੇ ਕਦੀ ਮੁੜ ਜੰਮੇਂ ਤਾਂ ਤੈਨੂੰ ਇਹੋ ਜੂਨ ਮਿਲੇ। ਰੱਬ ਤੈਨੂੰ ਕਦੀ ਨਿਜ-ਹੋਣੀ ਮਨੁੱਖ ਦੀ ਜੂਨ ਵਿੱਚ ਨਾ ਪਾਏ।"[10]

ਖੇਮ ਕੌਰ ਦੇ ਇਹ ਬਿੰਨਵੇਂ ਬੋਲ ਹਿੰਸਾਂ ਦੇ ਸਿਖਰ ਨੂੰ ਪੇਸ਼ ਕਰਦੇ ਹਨ; ਜਿੱਥੇ ਬੰਦੇ ਨਿਮਨਤਾ ਦੇ ਸੂਚਕ ਹਨ ਤੇ ਕੁੱਤਾ ਉੱਤਮ ਹੋ ਗਿਆ ਹੈ। ਮਹਿੰਦਰ ਸਿੰਘ ਸਰਨਾ ਦੀ ਖੂਬੀ ਇਹ ਹੈ ਕਿ ਉਹ ਹਿੰਸਾਂ ਦੀ ਸਿਖਰ ਨੂੰ ਬਿਰਤਾਂਤਦਾ ਹੋਇਆ ਵੀ ਇਕਪਾਸੜ ਜਾਂ ਉਲਾਰ ਨਹੀਂ ਹੁੰਦਾ। ਇਹਨਾਂ ਸੰਕਟਮਈ ਵੇਲਿਆਂ ਜਿਸ ਨੂੰ ਸਰਨਾ 'ਛਵੀਆਂ ਦੀ ਰੁੱਤ' ਕਹਿੰਦਾ ਹੈ, ਵਿਚ ਵੀ ਅਲੀ ਮੁਹੰਮਦ (ਹੀਰਾ ਮਿਰਗ) ਵਰਗੇ ਲੋਕ ਮੋਜੂਦ ਹਨ ਜੋ ਨੇਕੀ ਦਾ ਪੱਲਾ ਨਹੀਂ ਛੱਡਦੇ। ਉਸ ਦੀਆਂ ਕਹਾਣੀਆਂ ਵਿਚ ਵੱਖੋ-ਵੱਖ ਫਿਰਕਿਆਂ ਦੇ ਲੋਕ ਨੇਕ ਤੇ ਬਦ ਰੂਪ ਵਿਚ ਤਾਂ ਮਿਲਦੇ ਹੀ ਹਨ ਪਰ ਨੇਕੀ ਤੇ ਬਦੀ ਦੇ ਦਰਮਿਆਨ ਵਿਚਰਦੇ ਪਾਤਰਾਂ ਦੀ ਸਿਰਜਣਾ ਉਸ ਦੀ ਕਹਾਣੀ ਦਾ ਵਿਲੱਖਣ ਪਸਾਰ ਹੈ। ਇੰਞ ਕਰਦਿਆਂ ਉਸ ਦੀ ਕਹਾਣੀ ਸੰਕਟਮਈ ਹਾਲਤਾਂ ਵਿਚ ਬੰਦੇ ਦੀ ਫਿਤਰਤ ਨੂੰ ਫੜਨ ਦਾ ਯਤਨ ਕਰਦੀ ਹੈ; ਇਸ ਪੱਖੋਂ ਉਸ ਦੀ ਕਹਾਣੀ 'ਔਰਤ ਈਮਾਨ' ਵੇਖੀ ਜਾ ਸਕਦੀ ਹੈ। ਇਸ ਕਹਾਣੀ ਦਾ ਪਾਤਰ ਨੂਰਾ ਹਰ ਕੋਸ਼ਿਸ਼ ਦੇ ਬਾਵਜੂਦ ਸੰਪੂਰਨ ਸਿੰਘ ਦੀ ਜਾਨ ਤੇ ਮਾਲ ਦੀ ਰਾਖੀ ਕਰਨ ਤੋਂ ਅਸਮਰੱਥ ਹੈ। ਉਹ ਸੰਪੂਰਨ ਸਿੰਘ ਦਾ ਸਸਕਾਰ ਕਰਕੇ ਉਸ ਦੀ ਘਰਵਾਲੀ ਦਾ ਚਰਖਾ ਇਹ ਸੋਚ ਕੇ ਚੁੱਕ ਲੈਂਦਾ ਹੈ ਕਿ ਇਸ ਨੂੰ ਕਿਸੇ ਹੋਰ ਨੇ ਵੀ ਲੁੱਟ ਕੇ ਲੈ ਹੀ ਜਾਣਾ ਹੈ ਪਰ ਉਸਦੀ ਬੇਗ਼ਮ ਸਈਦਾ ਨੂੰ ਬੇਗਾਨੀ ਸ਼ੈਅ ਕਬੂਲ ਨਹੀਂ। ਭਾਵੇਂ ਕਿ ਉਸ ਨੂੰ ਚਰਖੇ ਦੀ ਲੋੜ ਹੈ। ਇਸ ਦੇ ਬਾਵਜੂਦ ਵੀ ਉਹ ਨਾ ਕੇਵਲ ਚਰਖਾ ਮੋੜਦੀ ਹੈ ਸਗੋਂ ਨੂਰੇ ਨੂੰ ਵੀ ਲਾਹਨਤਾ ਪਾਉਂਦੀ ਹੈ।

ਇਸ ਤਰ੍ਹਾਂ ਦੇਸ-ਵੰਡ ਨਾਲ ਸਬੰਧਤ ਕਹਾਣੀਆਂ ਵਿਚ ਮਹਿੰਦਰ ਸਿੰਘ ਸਰਨਾ ਪੰਜਾਬ ਦੀ ਸਾਂਝੀਵਾਲਤਾ ਅਤੇ ਬਹੁਲਤਾ ਵਾਲੀ ਕਦਰ ਨੂੰ ਸਾਂਭਣ ਦਾ ਯਤਨ ਕਰਦਾ ਹੈ। ਫਿਰਕੂ ਫਸਾਦਾਂ ਵਕਤ ਤੋੜਨ ਦਾ ਪ੍ਰਵਚਨ ਹਾਵੀ ਸੀ। ਜੋ ਦੂਜੇ (Other)/ ਵੱਖਰੇ ਫਿਰਕੇ ਨੂੰ ਬਦੀ ਦਾ ਰੂਪ ਆਖ ਕੇ ਹਿੰਸਾਂ ਨੂੰ ਜਾਇਜ਼ ਕਰਾਰ ਦੇ ਰਿਹਾ ਸੀ। ਇਸ ਦੌਰ ਨੂੰ ਬਿਰਤਾਂਤਣ ਵਕਤ ਮਹਿੰਦਰ ਸਿੰਘ ਸਰਨਾ ਦੀ ਕਹਾਣੀ ਇਸ ਪ੍ਰਵਚਨ ਦੇ ਵਿਰੋਧ ਵਿਚ ਸਾਂਝੇ ਪੰਜਾਬ ਦੀ ਸਾਂਝੀਵਾਲਤਾ ਦਾ ਪ੍ਰਵਚਨ ਸਿਰਜਦੀ ਵੇਖੀ ਜਾ ਸਕਦੀ ਹੈ। ਇਹ ਪ੍ਰਵਚਨ ਹੀ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕਹਾਣੀਆਂ ਵਿਚੋਂ ਉਸਰਦਾ ਹੈ। ਇਸ ਦੀ ਮਿਸਾਲ ਵਜੋਂ 'ਅਫਵਾਹ' ਅਤੇ 'ਬੱਸ ਨੰਬਰ 541' ਕਹਾਣੀਆਂ ਨੂੰ ਵੇਖਿਆ ਜਾ ਸਕਦਾ ਹੈ।

ਮਹਿੰਦਰ ਸਿੰਘ ਸਰਨਾ ਨੂੰ ਮਾਨਵਵਾਦੀ ਕਹਾਣੀਕਾਰ ਵੀ ਕਿਹਾ ਜਾਂਦਾ ਹੈ। ਮਨੁੱਖ ਦਾ ਕੇਂਦਰੀ ਸ਼ਕਤੀ ਵਜੋਂ ਉਭਾਰ ਮਾਨਵਵਾਦ ਦਾ ਮੂਲ ਮੰਨਿਆ ਗਿਆ ਹੈ। ਮਾਨਵਵਾਦ ਦੇ ਸੰਕਲਪਕ ਅਰਥਾਂ ਨੂੰ ਵਾਚੀਏ ਤਾਂ 'ਆਕਸਫੋਰਡ ਕੰਪੈਨੀਅਨ ਟੂ ਫਿਲਾਸਫੀ' ਵਿਚ ਦਰਜ

ਇੰਦਰਾਜ ਮੁਤਾਬਕ ਮਾਨਵਵਾਦ ਦੇ ਅਰਥ ਇਸ ਦੇ ਟਾਕਰੇ ਵਿਚ ਰੱਖੇ ਸੰਕਲਪ ਮੁਤਾਬਕ ਬਦਲਦੇ ਰਹਿੰਦੇ ਹਨ ਪਰ ਇਸ ਦੇ ਮੂਲ ਵਿਚ ਮਨੁੱਖ ਹੀ ਹੈ। ਇਹ ਇੰਦਰਾਜ ਅਲੌਕਿਕ ਸ਼ਕਤੀਆਂ ਦੀ ਥਾਂ ਮਨੁੱਖ ਦੇ ਕੇਂਦਰ ਵਿਚ ਆ ਜਾਣ ਦੇ ਵਿਭਿੰਨ ਪੱਖਾਂ ਨੂੰ ਬਿਆਨਦਾ ਹੈ।[11] ਸੰਤ ਸਿੰਘ ਸੇਖੋਂ ਰਾਹੀਂ ਪਰਿਭਾਸ਼ਤ ਕੀਤੇ ਜਾ ਰਹੇ ਮਾਨਵਵਾਦ ਨੂੰ ਵੀ ਉਪਰੋਕਤ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ। ਉਹ ਮਾਰਕਸਵਾਦੀ ਨੁਕਤਾਨਿਗਾਹ ਤੋਂ ਮਾਨਵਵਾਦ ਨੂੰ ਪਰਿਭਾਸ਼ਤ ਕਰਦੇ ਹਨ। ਉਹਨਾਂ ਮੁਤਾਬਕ,"ਮਾਨਵਵਾਦ ਵਿਚ ਮਨੁੱਖ ਦੀ ਪੀੜ ਨਾਲ ਸਹਾਨ ਭੂਤੀ ਹੁੰਦੀ ਹੈ ਅਤੇ ਕਈ ਵਾਰ ਪੀੜ ਦੀ ਜ਼ਿਮੇਵਾਰੀ ਵੀ ਸਮਾਜ ਦੇ ਧਨਵਾਨ, ਬਲਵਾਨ, ਅਮੀਰ ਜਾਂ ਰਾਜਾ ਭਾਗ ਉੱਤੇ ਪਾਈ ਜਾਂਦਾ ਹੈ। ਪਰ ਮਾਨਵਵਾਦੀ ਇਸ ਜ਼ਿਮੇਦਾਰੀ ਦਸ ਕੇ, ਗਿਲਾ ਕਰ ਕੇ ਹੀ ਬਸ ਕਰ ਜਾਂਦਾ ਹੈ। ਉਹ ਇਸ ਪਿਛੇ ਕੰਮ ਕਰ ਰਹੇ ਗਤੀਸ਼ੀਲ ਸਮਾਜਕ ਵਿਕਾਸ ਤੇ ਸ਼ਰੇਣੀ ਸੰਘਰਸ਼ ਵਲ ਧਿਆਨ ਨਹੀਂ ਦਿੰਦਾ।"[12] ਜੇ ਸਾਰ ਰੂਪ ਵਿਚ ਵੇਖੀਏ ਮਾਨਵਵਾਦ ਮਨੁੱਖ ਨੂੰ ਬੁਨਿਆਦੀ ਰੂਪ ਵਿਚ ਨੇਕ ਮੰਨਦਾ ਹੈ।

ਮਹਿੰਦਰ ਸਿੰਘ ਸਰਨਾ ਜ਼ਿੰਦਗੀ ਦੇ ਮੂਲ ਸਰੋਕਾਰਾਂ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਨਿਹਾਰਦਾ ਤੇ ਆਪਣੀਆਂ ਕਹਾਣੀਆਂ ਵਿਚ ਰੂਪਮਾਨ ਕਰਦਾ ਹੈ। ਇਸ ਮਾਨਵਵਾਦੀ ਦ੍ਰਿਸ਼ਟੀਕੋਣ ਕਰਕੇ ਹੀ ਉਹ ਘੋਰ ਸੰਕਟ ਦੇ ਪਲਾਂ ਸਮੇਂ ਵੀ ਮਨੁੱਖੀ ਚਰਿਤਰ ਦੇ ਹਾਂ ਪੱਖੀ ਪਹਿਲੂਆਂ ਨੂੰ ਉਘਾੜਨ ਵਿਚ ਸਫਲ ਹੋਇਆ ਹੈ। ਜ਼ਿਕਰਯੋਗ ਹੈ ਕਿ ਉਹ ਮਨੁੱਖੀ ਚਰਿਤਰ ਦੀਆਂ ਕਮੀਆਂ/ਖੋਟਾਂ ਨੂੰ ਨਜ਼ਰ-ਅੰਦਾਜ਼ ਤਾਂ ਨਹੀਂ ਕਰਦਾ ਪਰ ਉਹ ਉਹਨਾਂ ਹਾਲਤਾਂ ਵੱਲ ਧਿਆਨ ਦਿਵਾਉਣ ਤੋਂ ਵੀ ਨਹੀਂ ਖੁੰਝਦਾ ਜੋ ਮਨੁੱਖ ਦੇ ਅਜਿਹੇ ਘਿਨੌਣੇ ਰੂਪ ਲਈ ਜ਼ਿੰਮੇਵਾਰ ਹਨ। ਮਸਲਨ 'ਮਾਂ' ਕਹਾਣੀ ਜੋ ਮਾਂ ਦੇ ਮਮਤਾ ਭਰੇ ਵਿਹਾਰ ਨੂੰ ਚਿਤਰਨ ਵਾਲੀ ਕਹਾਣੀ ਵਜੋਂ ਵੇਖੀ ਜਾ ਸਕਦੀ ਹੈ ਤੇ ਪ੍ਰਗਤੀਵਾਦੀ ਕਹਾਣੀ ਦੀ ਕੋਟੀ ਵਿਚ ਵੀ ਰੱਖੀ ਜਾ ਸਕਦੀ ਹੈ। ਕਿਉਂਕਿ ਅਲੀਆ ਸੋਸ਼ਣ ਹੱਥੋਂ ਤੰਗ ਆ ਕੇ ਹੀ ਸ਼ਾਹੂਕਾਰਾਂ ਦੇ ਖਿਲਾਫ ਹੁੰਦਾ ਹੈ। ਅਲੀਏ ਦੀ ਮਾਂ ਰਹਿਮਤੇ ਲਈ ਉਹ ਐਬੀ ਨਾ ਹੋ ਕੇ ਨਿਰੋਲ ਪੁੱਤ ਹੈ। ਇਕ ਪਾਸੇ ਕਹਾਣੀ ਵਿਚ ਮਾਂ ਦੇ ਮਮਤਾਮਈ ਪਸਾਰ ਹਨ; ਦੂਜੇ ਪਾਸੇ ਪ੍ਰਗਤੀਵਾਦੀ ਪੱਖ ਹਨ। ਜੇ ਇਸ ਕਹਾਣੀ ਦੇ ਪ੍ਰਵਚਨ ਨੂੰ ਵੇਖੀਏ ਤਾਂ ਇਹ ਮਾਨਵਵਾਦੀ ਪ੍ਰਵਚਨ ਉਸਾਰਦੀ ਹੈ। ਮਹਿੰਦਰ ਸਿੰਘ ਸਰਨਾ ਦੀਆਂ ਮਨੁੱਖ ਦੇ ਸ਼ੋਸ਼ਣ ਨਾਲ ਸਬੰਧਤ ਕਹਾਣੀਆਂ ਤੇ ਅਮਨ ਦੀਆਂ ਮੁੱਦਈ ਕਹਾਣੀਆਂ ਵਿਚੋਂ ਵੀ ਮਾਨਵਵਾਦੀ ਪ੍ਰਵਚਨ ਵੇਖਿਆ ਜਾ ਸਕਦਾ ਹੈ।

**ਮਹਿੰਦਰ ਸਿੰਘ ਸਰਨਾ ਦੀ ਕਹਾਣੀ ਦੀ ਬਿਰਤਾਂਤਕਾਰੀ:** ਜਿਸ ਸਮੇਂ ਮਹਿੰਦਰ ਸਿੰਘ ਸਰਨਾ ਕਹਾਣੀ ਲਿਖ ਰਿਹਾ ਹੈ। ਉਸ ਸਮੇਂ ਦੇ ਇਤਿਹਾਸਕ ਪਰਿਵੇਸ਼ ਨੂੰ ਵੇਖੀਏ ਤਾਂ ਇਸ ਦੌਰ ਦੇ ਪਿਛੋਕੜ ਵਿਚ ਦੇਸ ਵੰਡ, ਵਿਸ਼ਵ ਯੁੱਧਾਂ ਦੀ ਝੰਬੀ ਮਾਨਵਤਾ, ਮਾਨਵਵਾਦ ਤੇ ਅਮਨ ਲਹਿਰ ਦਾ ਉਭਾਰ ਹੈ। ਜਿੱਥੇ ਵੰਡ ਦਾ ਦੁਖਾਂਤ ਹੈ ਉੱਥੇ ਨਵ ਨਿਰਮਾਣ ਦੇ ਰਾਹ ਪਏ ਮੁਲਕ ਦਾ ਸੁਪਨਾ ਹੁਲਾਸਮਈ ਵੀ ਹੈ। ਇਸ ਉਪਰੰਤ ਅਜ਼ਾਦੀ ਦੇ ਸੁਪਨਿਆਂ ਦਾ ਤਿੜਕਣਾ, ਸਿੱਖ ਵਿਰੋਧੀ ਦੰਗੇ ਆਦਿ ਇਸ ਦੌਰ ਵਿਚ ਸ਼ਾਮਲ ਹਨ। ਇਸ ਤਰ੍ਹਾਂ ਇਹ ਦੌਰ ਆਸ਼ਾ ਤੇ ਨਿਰਾਸ਼ਾ ਦੇ ਮਿਲਵੇਂ ਭਾਵਾਂ ਨਾਲ ਭਰਿਆ ਹੋਇਆ ਹੈ। ਇਤਿਹਾਸਕ ਹਾਲਤਾਂ ਦਾ ਅਸਰ ਸਾਹਿਤਕ ਰੂਪਾਕਾਰਾਂ ਉਤੇ ਵੀ ਪੈਂਦਾ ਹੈ। ਮਹਿੰਦਰ ਸਿੰਘ ਸਰਨਾ ਦੀ ਕਹਾਣੀ ਵੀ ਇਤਿਹਾਸਕ ਹਾਲਤਾਂ ਦੇ ਅਸਰ ਨੂੰ ਕਬੂਲਦੀ ਵੇਖੀ ਜਾ ਸਕਦੀ ਹੈ। ਇਸ ਵਿਚ ਆਸ਼ਾਵਾਦ ਅਤੇ ਦੁਖਾਂਤ ਦੇ ਮਿਲਵੇਂ ਰੂਪ ਇਤਿਹਾਸਕ ਹਾਲਤਾਂ ਦੀ ਦੇਣ ਵਜੋਂ ਵੇਖੇ ਜਾ ਸਕਦੇ ਹਨ।

ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਵਿਚ ਸਮਕਾਲ ਦੀਆਂ ਸਮੱਸਿਆਵਾਂ ਦੇਸ-ਵੰਡ, ਸਿੱਖ ਵਿਰੋਧੀ ਦੰਗੇ, ਵਿਸ਼ਵ ਸ਼ਾਂਤੀ ਦੀ ਹਾਮੀ, ਮਨੁੱਖ ਦੇ ਦੋਹਰੇ/ਦੋਗਲੇ ਵਿਹਾਰ ਦੇ ਚਿੱਤਰ, ਸਮਾਜਕ ਸਮੱਸਿਆਵਾਂ ਜਿਵੇਂ ਅਜੋੜ ਵਿਆਹ, ਪੂੰਜੀਵਾਦੀ ਪ੍ਰਬੰਧ ਅਧੀਨ ਉਭਰੀ ਨਵੀਂ ਜੀਵਨ ਜਾਚ ਵਿਚ ਪਦਾਰਥਕ ਦੌੜ ਤੇ ਗਿਆਨੀ ਹੋਣ ਦੇ ਦੰਭ ਆਦਿ ਨੂੰ ਬਿਰਤਾਂਤਿਆ ਮਿਲਦਾ ਹੈ। ਉਸ ਦੀ ਬਿਰਤਾਂਤਕਾਰੀ ਦੀ ਜੁਗਤ ਦ੍ਰਿਸ਼ ਸਿਰਜਣ ਦੀ ਹੈ। ਉਹ ਸਜੀਵ ਦ੍ਰਿਸ਼ਕਾਰੀ ਰਾਹੀਂ ਗਲਪੀ ਪ੍ਰਵਚਨ ਸਿਰਜਦਾ ਹੈ ਤੇ ਕਹਾਣੀ ਵਾਪਰਦੀ ਵਿਖਾਉਂਦਾ ਹੈ। ਉਸ ਦਾ ਵਰਣਨ ਵੀ ਦ੍ਰਿਸ਼ ਸਾਕਾਰ ਕਰਦਾ ਹੈ। ਅੰਤ ਵਿਚ ਵਿਅੰਗ ਰਾਹੀਂ ਤੋੜਾ ਝਾੜਨਾ ਉਸ ਦੀ ਮੁੱਖ ਜੁਗਤ ਵਜੋਂ ਉਭਰਦਾ ਹੈ।

ਇਸ ਦੇ ਬਾਵਜੂਦ ਉਸ ਦੀਆਂ ਕਹਾਣੀਆਂ ਵਿਚ ਵਿਆਖਿਆਮਈ ਪ੍ਰਵਿਰਤੀ ਵੀ ਹਾਜ਼ਰ ਹੈ। ਇਹ ਬਿਰਤੀ ਕਹਾਣੀ ਵਿਚ ਅਣਕਿਹਾ ਛੱਡਣ ਦੀ ਥਾਂ ਕੱਥਣ ਦੀ ਰੁਚੀ ਵਜੋਂ ਵੇਖੀ ਜਾ ਸਕਦੀ ਹੈ। ਇਸ ਨੂੰ ਦੂਜੇ ਪੜਾਅ ਦੀ ਕਹਾਣੀ ਦੇ ਲੱਛਣ ਵਜੋਂ ਵੇਖਿਆ ਜਾ ਸਕਦਾ ਹੈ।

ਸਰਨੇ ਦੀਆਂ ਕਹਾਣੀਆਂ ਵਿਚ ਗਲਪੀ ਭਾਸ਼ਾ ਦੀ ਕਲਾਤਮਕ ਵਰਤੋਂ ਵੇਖਣਯੋਗ ਹੈ। ਉਹ ਨਵੇਂ ਸ਼ਬਦ ਤੇ ਨਵੀਆਂ ਤਸ਼ਬੀਹਾਂ ਘੜਦਾ ਹੈ; ਮਸਲਨ ਪਹਿਰੇਦਾਰ ਲਈ ਪਹਿਰੂਆ, ਸੂਹੀਏ ਲਈ ਸੂਹਾ, ਤਰਲੇ ਲੈਣ ਲਈ ਤਰਲਿਆ, ਦੁਪਹਿਰ ਤੋਂ ਬਾਅਦ ਤਿਪਹਿਰ, ਬਖ਼ਤਾਵਰ ਵਸਨੀਕ, ਸਵਾਸ ਦੀ ਆਵਾਜਾਈ, ਅਖਵਾਨਿਆਂ, ਭਾਦਰੋਂ ਦੀ ਭਠਿਆਰੀ ਧੁੱਪ ਆਦਿ ਨੂੰ ਭਾਸ਼ਾ ਦੀ ਨਵੀਂ ਤੇ ਕਲਾਤਮਕ ਵਰਤੋਂ ਪੱਖੋਂ ਵੇਖਿਆ ਜਾ ਸਕਦਾ ਹੈ।

ਉਸ ਦੀਆਂ ਕਹਾਣੀਆਂ ਵਿਚ ਪਾਤਰਾਂ ਦੀ ਮਨੋਦਸ਼ਾ ਮੁਤਾਬਕ ਬਾਹਰੀ ਦ੍ਰਿਸ਼ ਦੀ ਬਿਰਤਾਂਤਕਾਰੀ ਲਈ ਗਲਪੀ ਭਾਸ਼ਾ ਦੀ ਕਲਾਤਮਕ ਵਰਤੋਂ ਵਿਲੱਖਣ ਹੈ। 'ਛਵੀਆਂ ਦੀ ਰੁੱਤ' ਕਹਾਣੀ ਵਿਚ ਦੀਨੇ ਲੁਹਾਰ ਦੀ ਪਤਨੀ ਕਤਲੋਗਾਰਤ ਲਈ ਬਣਾਈਆਂ ਜਾ ਰਹੀਆਂ ਛਵੀਆਂ ਨੂੰ ਨਫਰਤ ਕਰਦੀ ਹੈ। ਉਸ ਦੇ ਇਹ ਮਨੋਭਾਵ ਬਾਹਰੀ ਦ੍ਰਿਸ਼ ਸਿਰਜਣ ਲਈ ਵਰਤੀ ਭਾਸ਼ਾ ਵਿਚੋਂ ਰੂਪਮਾਨ ਹੁੰਦੇ ਵੇਖੇ ਜਾ ਸਕਦੇ ਹਨ। ਕਹਾਣੀ ਵਿਚੋਂ ਨਿਮਨਲਿਖਤ ਹਵਾਲੇ ਨੂੰ ਇਸ ਪੱਖੋਂ ਵੇਖਿਆ ਜਾ ਸਕਦਾ ਹੈ:

ਤੀਵੀਂ ਨੇ ਭੱਠੀ ਦੀ ਨਰਕੀ ਅੱਗ ਵੱਲ ਵੇਖਿਆ, ਲੋਹੇ ਦੇ ਉਨ੍ਹਾਂ ਟੁਕੜਿਆ ਵੱਲ ਵੇਖਿਆ ਜੋ ਕਾਲੇ ਕੋਹੜ ਵਾਂਗ ਚਾਰੇ ਪਾਸੇ ਫ਼ਰਸ਼ 'ਤੇ ਖਿਲਰੇ ਪਏ ਸਨ,ਉਹਨੇ ਗੁੱਠ ਵਿੱਚ ਪਈਆਂ ਕਲਮੂੰਹੀਆਂ ਛਵ੍ਹੀਆਂ ਤੇ ਬਲਮਾਂ ਦੇ ਢੇਰ ਨੂੰ ਵੇਖਿਆ ਤੇ ਫੇਰ ਕਿੰਨਾ ਚਿਰ ਉਹਦੀਆਂ ਨਜ਼ਰਾਂ ਆਪਣੇ ਆਦਮੀ ਦੇ ਮੂੰਹ 'ਤੇ ਭਟਕਦੀਆਂ ਰਹੀਆਂ...।[13]

ਪੰਜਾਬੀ ਕਹਾਣੀ ਦੇ ਦੂਜੇ ਪੜਾਅ ਉੱਤੇ ਕਹਾਣੀ ਵਿਚ ਗਲਪੀ ਭਾਸ਼ਾ ਦੀ ਕਲਾਤਮਕ ਵਰਤੋਂ ਦਾ ਪੱਖ ਗੌਲਣਯੋਗ ਦੇਣ ਹੈ।

ਸਰਨਾ ਦੀ ਕਹਾਣੀਆਂ ਪਾਤਰਾਂ ਦੀ ਸਿਰਜਣਾ ਦੇ ਹਵਾਲੇ ਨਾਲ ਵੀ ਵੱਖਰਤਾ ਥਾਪਦੀਆਂ ਨਜ਼ਰ ਆਉਂਦੀਆ ਹਨ। ਉਸ ਦੀਆਂ ਕਹਾਣੀਆਂ ਵਿਚ ਪਾਤਰਾਂ ਨੂੰ ਸਾਪੇਖਤਾ ਸਹਿਤ ਸਿਰਜਿਆ ਗਿਆ ਹੈ। ਫਲਸਰੂਪ ਪਾਤਰ ਨੇਕੀ/ਬਦੀ ਦੇ ਪੁਤਲੇ ਜਾਂ ਕਾਲੇ/ਚਿੱਟੇ ਰੂਪ ਵਿਚ ਸਿਰਜੇ ਨਹੀਂ ਮਿਲਦੇ। ਉਹ ਆਪਣੀਆਂ ਤਮਾਮ ਸੀਮਾਵਾਂ ਸੰਭਾਵਨਾਵਾਂ ਸਹਿਤ ਸਿਰਜੇ ਮਿਲਦੇ ਹਨ। ਮਸਲਨ 'ਕਾਜ਼ੀ ਦਾ ਕੋਟ' ਕਹਾਣੀ ਵਿਚਲਾ ਪਾਤਰ ਗ਼ੁਲਾਮ ਸਰਵਰ ਵੇਖਿਆ ਜਾ ਸਕਦਾ ਹੈ। ਗ਼ੁਲਾਮ ਸਰਵਰ ਨਵੇਂ ਬਣੇ ਪਾਕਿਸਤਾਨ ਵਿਚ ਕਾਜ਼ੀ ਦਾ ਕੋਟ ਲੁਟਣ ਆਏ ਮੁਜਾਹਿਦਾ ਨਾਲ ਇਸ ਆਸ ਨਾਲ ਰਲਦਾ ਹੈ ਤਾਂ ਜੋ ਉਹ ਕੋਈ ਕੁੜੀ ਉਧਾਲ ਕੇ ਉਸ ਨਾਲ ਵਿਆਹ ਕਰਵਾ ਸਕੇ। ਉਸ ਦਾ ਜੀਵਨ ਜਬਰ ਸਿਤਮ ਨਾਲ ਭਰਿਆ ਹੈ। ਉਸ ਦੇ ਗ਼ਰੀਬ ਕਿਰਸਾਨ ਪਿਓ ਨੂੰ ਜਗੀਰਦਾਰ ਬਗਾਵਤੀ ਦੋਸ਼ ਤਹਿਤ ਜਾਨੋਂ ਮਾਰ ਦਿੰਦਾ ਹੈ ਤੇ ਜਗੀਰਦਾਰ ਦੀ ਸ਼ਹਿ ਉੱਤੇ ਜਮਾਂਦਾਰ ਬਿਕਰਮ ਸਿੰਘ ਉਸ ਦੀ ਮਾਂ ਦਾ ਜਿਨਸੀ ਸੋਸ਼ਣ ਕਰਦਾ ਹੈ। ਜਿਸ ਕਰਕੇ ਉਹ ਖੁਦਕੁਸ਼ੀ ਕਰ ਲੈਂਦੀ ਹੈ। ਫਲਸਰੂਪ ਉਸ ਦਾ ਬਚਪਨ ਤੇ ਜਵਾਨੀ ਰੁਲ ਕੇ ਲੰਘਦੀ ਹੈ। ਦੇਸ-ਵੰਡ ਮੌਕੇ ਉਹ ਵੀ ਗੁਰਦੁਆਰੇ ਦੇ ਗ੍ਰੰਥੀ ਦੀ ਪਤਨੀ ਅਨੂਪ ਕੌਰ ਨੂੰ ਜਬਰੀ ਆਪਣੇ ਘਰ ਵਸਾ ਲੈਣ ਦੀ ਖਾਹਿਸ਼ ਕਰਦਾ ਹੈ ਪਰ ਪਾਠ ਕਰਦੀ ਅਨੂਪ ਕੌਰ ਨੂੰ ਵੇਖ ਕੇ ਉਸ ਨੂੰ ਆਪਣੀ ਮਾਂ ਚੇਤੇ ਆ ਜਾਂਦੀ ਹੈ। ਉਹ ਪਾਪ ਦਾ ਖਿਆਲ

ਤਿਆਗ ਕੇ ਅਨੂਪ ਕੌਰ ਦੇ ਮੋਏ ਪਤੀ ਦਾ ਸਸਕਾਰ ਹੀ ਨਹੀਂ ਕਰਦਾ ਸਗੋਂ ਉਸ ਨੂੰ ਹਿਫਾਜਤ ਸਹਿਤ ਗੁਜਰਾਂਵਾਲੇ ਸ਼ਹਿਰ ਦੇ ਗੁਰਦੁਆਰੇ ਵਿਚ ਇਕੱਠੇ ਹੋ ਰਹੇ ਸਿੱਖਾਂ ਦਾ ਕਾਫਲੇ ਵਿਚ ਛੱਡਣ ਜਾਂਦਾ ਹੈ:

ਅੱਗੇ ਅੱਗੇ ਅਨੂਪ ਟੁਰਦੀ ਗਈ। ਉਹਦਾ ਇਕ ਹੱਥ ਸਿਰ 'ਤੇ ਚੁੱਕੀ, ਰੁਮਾਲਿਆਂ ਵਿੱਚ ਬੱਧੀ ਬੀੜ ਸਾਹਿਬ 'ਤੇ ਟਿਕਿਆ ਸੀ। ਉਹਦੇ ਦੂਜੇ ਹੱਥ ਵਿਚ ਲਾਲਟੈਨ ਸੀ। ਗ਼ੁਲਾਮ ਸਰਵਰ ਨੂੰ ਕਿਸੇ ਲਾਲਟੈਨ ਦੀ ਲੋੜ ਨਹੀਂ ਸੀ। ਕਿਉਂਕਿ ਇਕ ਚਿਰਾਗ਼ ਉਹਦੀ ਰੂਹ ਦੇ ਹਨੇਰੇ ਵਿੱਚ ਬਲ ਉਠਿਆ ਸੀ। ਇਸ ਚਿਰਾਗ ਦੀ ਲੋਅ ਆਪਣੇ ਮਨ ਮਸਤਕ ਵਿਚ ਸਾਂਭੀ, ਇਕ ਚੌਕਸ ਪਹਿਰੂਏ ਵਾਂਗ ਲਾਂਭੇ ਚਾਂਭੇ ਚਾਂੜੇ ਵੇਖਦਾ, ਕੁਝ ਵਿੱਥ ਰੱਖ ਕੇ ਉਹ ਅਨੂਪ ਦੇ ਪਿੱਛੇ ਤੁਰ ਰਿਹਾ ਸੀ।[14]

ਇਸ ਤਰ੍ਹਾਂ ਦਾ ਚਿਤਰਣ ਹੀ 'ਪ੍ਰੀਤਾਂ ਦੇ ਵਣਜਾਰੇ' ਕਹਾਣੀ ਵਿਚ ਵੇਖਿਆ ਜਾ ਸਕਦਾ ਹੈ। ਇਸ ਕਹਾਣੀ ਦਾ ਪਾਤਰ ਅੱਲਾ ਬਖ਼ਸ਼ ਆਪਣੇ ਭਤੀਜੇ ਚੌਧਰੀ ਉਮਰੇ ਦੇ ਦੂਜੇ ਵਿਆਹ ਦੀ ਬਰਾਤ ਆਇਆ ਹੈ। ਉਸ ਦੀ ਪਤਨੀ ਨੂੰ ਮਰਿਆਂ ਛੇ ਵਰ੍ਹੇ ਬੀਤ ਚੁੱਕੇ ਹਨ। ਦੌਲਤ ਦੇ ਸਿਰ ਉੱਤੇ ਪਤਨੀ ਦੀ ਮੌਤ ਤੋਂ ਬਾਅਦ ਜਵਾਨ ਕੁੜੀ ਨੂੰ ਵਿਆਹ ਕੇ ਲਿਜਾ ਰਿਹਾ ਚੌਧਰੀ ਉਮਰਾ ਉਸ ਨੂੰ ਰੜਕਦਾ ਹੈ। ਉਸ ਦੀ ਡੋਲੀ ਉੱਤੇ ਸੋਟ ਦੇ ਰੁਪਈਏ ਚੁਗਣ ਆਈ ਬਾਲੜੀ ਨਾਲ ਉਸ ਦੀ ਰੁਪਈਏ ਪਿੱਛੇ ਬਹਿਸ ਹੋ ਜਾਂਦੀ ਹੈ। ਅਸਲ ਵਿਚ ਉਹ ਸੋਟ ਦਾ ਰੁਪਈਆ ਚੁੱਕਣਾ ਚਾਹੁੰਦਾ ਹੈ। ਪਰ ਕੁੜੀ ਵੇਖ ਲੈਂਦੀ ਹੈ। ਨਮੋਸ਼ੀ ਤੋਂ ਡਰਦਾ ਉਹ ਰੁਪਈਆ ਲੁਕਾ ਲੈਂਦਾ ਹੈ। ਬਾਅਦ ਲੁਕਾਏ ਰੁਪਈਏ ਨੂੰ ਚੁੱਕਣ ਆਏ ਅੱਲਾ ਬਖ਼ਸ਼ ਨੂੰ ਕੁੜੀ ਦੁਬਾਰਾ ਮਿਲ ਜਾਂਦੀ ਹੈ। ਉਹ ਕੁੜੀ ਦਾ ਰੇਪ ਕਰਦਾ ਹੈ ਤੇ ਬੇਸੁਰਤੀ ਦੀ ਹਾਲਤ ਵਿਚ ਉਸ ਹੱਥੋਂ ਰੁਪਈਆ ਵੀ ਲੈ ਜਾਂਦਾ ਹੈ।[15] ਇਸ ਤਰ੍ਹਾਂ ਸਰਨਾ ਪਾਤਰਾਂ ਨੂੰ ਚਿਤਰਣ ਵਕਤ ਉਹਨਾਂ ਦੇ ਚੰਗੇ ਬੁਰੇ ਵਿਹਾਰ ਪਿਛਲੇ ਕਾਰਕਾਂ ਨੂੰ ਉਭਾਰਦਾ ਹੈ। ਉਸ ਨੇ ਬੁਰੇ ਪਾਤਰ ਵੀ ਸਿਰਜੇ ਹਨ ਭਲੇ ਪਾਤਰ ਵੀ ਸਿਰਜੇ ਹਨ ਅਤੇ ਇਹਨਾਂ ਦਰਮਿਆਨ ਵਾਲੇ ਪਾਤਰ ਵੀ। ਉਸ ਦੀ ਖ਼ੂਬੀ ਇਹ ਹੈ ਕਿ ਉਹ ਪਾਤਰਾਂ ਨੂੰ ਸਮਾਜਕ, ਸਭਿਆਚਾਰਕ ਪਰਿਵੇਸ਼ ਸਮੇਤ ਲਿੰਗਕ ਸੀਮਾਵਾਂ ਸਹਿਤ ਵੀ ਸਿਰਜਦਾ ਹੈ। ਇਉਂ ਉਸ ਦੀ ਕਹਾਣੀ ਵਿਚ ਅੱਲਾ ਬਖ਼ਸ਼ ਦੇ ਰੂਪ ਵਿਚ ਮਨੁੱਖੀ ਨੀਵਾਣਾ ਵੀ ਸਿਰਜੀਆਂ ਗਈਆਂ ਹਨ ਹੈ ਤੇ ਗ਼ੁਲਾਮ ਸਰਵਰ ਦੇ ਰੂਪ ਵਿਚ ਮਨੁੱਖੀ ਸੰਭਾਵਨਾਵਾਂ ਵੀ ਸਿਰਜੀਆਂ ਮਿਲਦੀਆਂ ਹਨ।

ਸਰਨਾ ਦੀਆਂ ਕਹਾਣੀਆਂ ਵਿਚ ਨਾਰੀ ਪਾਤਰਾਂ ਦੀ ਸਿਰਜਣਾ ਵੀ ਮਹੱਤਵਪੂਰਨ ਹੈ। ਨਾ ਹੀ ਸਰਨਾ ਦੀਆਂ ਕਹਾਣੀਆਂ ਦੇ ਨਾਰੀ ਪਾਤਰ ਕਮਜੋਰ ਹਨ; ਨਾ ਹੀ ਤਰਸ ਦੇ ਪਾਤਰ ਸਗੋਂ ਉਸ ਦੀਆਂ ਕਹਾਣੀਆਂ ਵਿਚੋਂ ਜਾਗਰੂਕ ਹੋ ਰਹੀ, ਹਾਂ-ਮੁਖੀ, ਈਮਾਨ ਵਿਚ ਨਾ ਡੋਲਣ ਵਾਲੀ ਨਾਰੀ ਨਜ਼ਰ ਆਉਂਦੀ ਹੈ; ਉਦਾਹਰਨ ਵਜੋਂ ਅਨੂਪ ਕੌਰ 'ਕਾਜ਼ੀ ਦਾ ਕੋਟ', ਬੀਰੋ ਅਤੇ ਬਰਕਤੇ 'ਹੀਰਾ ਮਿਰਗ' ,ਦੀਨੇ ਲੁਹਾਰ ਦੀ ਪਤਨੀ 'ਛਵ੍ਹੀਆਂ ਦੀ ਰੁੱਤ', 'ਜਾਮਨੂੰ ਨਹੀਂ ਮੁੱਕਦੇ' ਦੀ ਬੁੱਢੀ ਆਦਿ ਨਾਰੀ ਪਾਤਰ ਕਿਸੇ ਵਿਚਾਰਗੀ ਦੇ ਮੁਥਾਜ ਨਹੀਂ। ਇਹ ਆਪਣੀਆਂ ਹਾਲਤਾਂ ਨਾਲ ਟੱਕਰ ਲੈਂਦੇ ਹਨ। ਉਸ ਦੀਆਂ ਕਹਾਣੀਆਂ ਦੀ ਖ਼ੂਬੀ ਇਹ ਹੈ ਕਿ ਇਉਂ ਕਰਦਿਆਂ ਵੀ ਉਸ ਦੀ ਕਹਾਣੀ ਯਥਾਰਥ ਦਾ ਪੱਲਾ ਨਹੀਂ ਛੱਡਦੀ।

ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਵਿਚ ਰੂਪਾਕਾਰਕ ਪੱਖੋਂ ਨਵੇਂ ਪ੍ਰਯੋਗ ਵੇਖੇ ਜਾ ਸਕਦੇ ਹਨ। ਉਸ ਦੀਆਂ ਕਈ ਕਹਾਣੀਆਂ ਲੜੀਵਾਰ ਰੂਪ ਵਿਚ ਚਲਦੀਆਂ ਹਨ ਜਿਵੇਂ 'ਛਵ੍ਹੀਆਂ ਦੀ ਰੁੱਤ' ਕਹਾਣੀ 'ਗਾਜ਼ੀ' ਕਹਾਣੀ ਵਿਚ ਲੜੀਵਾਰ ਚਲਦੀ ਹੈ। ਇਸ ਤੋਂ ਬਿਨ੍ਹਾਂ ਕਹਾਣੀ ਦੇ ਵਾਪਰਨ ਸਥਾਨ ਦਾ ਦੁਹਰਾਅ ਵੀ ਲੜੀਬੱਧਤਾ ਦਾ ਰੂਪ ਮੰਨਿਆ ਜਾ ਸਕਦਾ ਹੈ; ਜਿਵੇਂ ਕਾਜ਼ੀ ਦਾ ਕੋਟ ਥਾਂ ਦਾ ਦੁਹਰਾਅ ਕਈ ਕਹਾਣੀਆਂ ਵਿਚ ਵੇਖਿਆ ਜਾ ਸਕਦਾ ਹੈ।

**ਸਿੱਟਾ:** ਮਹਿੰਦਰ ਸਿੰਘ ਸਰਨਾ ਨੇ ਆਪਣੀਆਂ ਕਹਾਣੀਆਂ ਵਿਚ ਜੀਵਨ ਦੇ ਵੰਨ-ਸੁਵੰਨੇ ਸਰੋਕਾਰਾਂ ਨੂੰ ਬਿਰਤਾਂਤਿਆਂ ਹੈ। ਉਸ ਦੀ ਸਿਰਜਣਾ ਦਾ ਸਫ਼ਰ ਲੰਮਾ ਹੋਣ ਕਰਕੇ ਬਦਲਦੀਆਂ ਇਤਿਹਾਸਕ ਹਾਲਤਾਂ ਮੁਤਾਬਕ ਉਸ ਨੇ ਨਵੀਂਆ ਸਮੱਸਿਆਵਾਂ ਨੂੰ ਵੀ ਆਧਾਰ ਬਣਾਇਆ ਹੈ। ਭਾਵੇਂ ਉਹ ਸੰਸਾਰ ਅਮਨ ਦੀ ਗੱਲ ਹੋਵੇ ਭਾਵੇਂ ਪੂੰਜੀਵਾਦ ਦੀ ਲਪੇਟ ਵਿਚ ਆਏ ਬੰਦੇ ਦੀਆਂ ਲਾਲਸਾਵਾਂ ਦੀ ਗੱਲ ਹੋਵੇ ਜਾਂ ਵਾਤਾਵਰਣੀ ਮਸਲੇ ਹੋਣ। ਇਹਨਾਂ ਸਰੋਕਾਰਾਂ ਨੂੰ ਬਿਰਤਾਂਤਣ ਸਮੇਂ ਉਹ ਯਥਾਰਥ ਦਾ ਪੱਲਾ ਨਹੀਂ ਛੱਡਦਾ। ਉਸਦੀਆਂ ਕਹਾਣੀਆਂ ਹਿੰਸਾਂ ਨੂੰ ਕੇਂਦਰ ਵਿਚ ਰੱਖ ਕੇ ਸਾਂਝੀਵਾਲਤਾ ਅਤੇ ਬਹੁਲਤਾ ਦਾ ਪ੍ਰਵਚਨ ਉਸਾਰਦੀਆਂ ਹਨ। ਇਹਨਾਂ ਵਿਲੱਖਣਤਾਵਾਂ ਕਰਕੇ ਉਸ ਦੀਆਂ ਕਹਾਣੀਆਂ ਇਤਿਹਾਸਕ, ਰੂਪਾਕਾਰਕ ਅਤੇ ਸਭਿਆਚਾਰਕ ਪੱਖੋਂ ਵੀ ਅਹਿਮ ਹਨ। ਉਸ ਦੀ ਸੰਤੁਲਿਤ ਦ੍ਰਿਸ਼ਟੀ ਅਤੇ ਗਲਪੀ ਰਹੱਸ ਸਿਰਜਣ ਦੀ ਮੁਹਾਰਤ ਉਸ ਨੂੰ ਪੰਜਾਬੀ ਦਾ ਸਿਰਮੌਰ ਕਹਾਣੀਕਾਰ ਬਣਾ ਦਿੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

---

[1] ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ,ਪੰਜਾਬੀ ਅਕਾਦਮੀ,ਦਿੱਲੀ,2019,ਪੰਨਾ 68.

[2] ਪਲਵਿੰਦਰ ਕੌਰ, ਨਵਤੇਜ ਸਿੰਘ,ਮਹਿੰਦਰ ਸਿੰਘ ਸਰਨਾ ਅਤੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ: ਤੁਲਨਾਤਮਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2018, ਪੰਨਾ 74.(ਅਪ੍ਰਕਾਸ਼ਿਤ ਖੋਜ ਪ੍ਰਬੰਧ)

[3] ਡਾ.ਹਰਬੰਸ ਕੌਰ ਗਿੱਲ, ਕਹਾਣੀਕਾਰ ਮਹਿੰਦਰ ਸਿੰਘ ਸਰਨਾ, (ਇਤਿਹਾਸ ਅਤੇ ਆਲੋਚਨਾ), ਸਾਹਿਤ ਸੰਗਮ, ਲੁਧਿਆਣਾ, 1989, ਪੰਨਾ 33.

[4] ਪਲਵਿੰਦਰ ਕੌਰ, ਨਵਤੇਜ ਸਿੰਘ, ਮਹਿੰਦਰ ਸਿੰਘ ਸਰਨਾ ਅਤੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ: ਤੁਲਨਾਤਮਕ ਅਧਿਐਨ, ਪੰਨਾ 75. (ਅਪ੍ਰਕਾਸ਼ਿਤ ਖੋਜ ਪ੍ਰਬੰਧ)

[5] ਉਹੀ, ਪੰਨਾ 269.

[6] ਦੇਵਿੰਦਰ ਕੌਰ, ਪਾਰਦਰਸ਼ੀ (ਮਹਿੰਦਰ ਸਿੰਘ ਸਰਨਾ ਦੀ ਕਹਾਣੀ ਕਲਾ ਦਾ ਆਲੋਚਨਾਤਮਕ ਵਿਸ਼ਲੇਸ਼ਣ), ਨਵੀਨ ਸਾਹਿਤ ਕੇਂਦਰ, ਪਟਿਆਲਾ, 1976, ਪੰਨਾ 10.

[7] ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ,ਪੰਨਾ 41.

[8] ਮਹਿੰਦਰ ਸਿੰਘ ਸਰਨਾ,ਮੇਰੀ ਸਾਹਿਤਿਕ ਸਵੈਜੀਵਨੀ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1990,ਪੰਨਾ 47.

[9] ਡਾ. ਗੁਰਮੁਖ ਸਿੰਘ,"ਲੋਕਧਾਰਾ ਅਤੇ ਪੰਜਾਬੀ ਨਾਵਲ", ਖੋਜ ਦਰਪਣ (ਪੰਜਾਬੀ ਗਲਪ ਵਿਸ਼ੇਸ਼ ਅੰਕ), ਅੰਕ 58, 2007, ਪੰਨਾ 45.

[10] ਬਲਦੇਵ ਸਿੰਘ 'ਬੱਦਨ'(ਸੰਪ.),ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, 2010, ਪੰਨਾ 16.

[11] humanism. The tendency to emphasize man and his status, importance, powers, achievements, interests, or authority. Humanism has many different connotations, which depend largely on what it is being contrasted with. As well as denoting particular claims about man it can also denote the tendency to study man at all. Early Greek thought began by studying the cosmos as a whole and particular

phenomena in it, such as the weather, earthquakes, etc., and then turned to questions of logic and metaphysics, but the so-called humanist movement arose in the fifth century BC when the Sophists and Socrates 'called philosophy down from heaven to earth', as Cicero later put it, by introducing social, political, and moral questions. Humanism is also associated with the *Renaissance, when it denoted a move away from God to man as the centre of interest. God still remained as creator and supreme authority— the Renaissance humanists were far from being atheists—but his activity was seen as less immediate, more as general control than as day-to-day interference, and this enabled a scientific outlook to arise which saw the universe as governed by general laws, albeit these were laid down by God.
Ted Honderich (ed.), The Oxford Companion to Philosophy, Oxford University Press, New York, 1995, p. 376.

[12] ਸੰਤ ਸਿੰਘ ਸੇਖੋਂ, "ਪੁਸਤਕ ਦੁੱਧ ਦਾ ਛੱਪੜ ਦਾ ਮੁਖ ਬੰਧ", ਕਹਾਣੀ ਕਲਾ ਤੇ ਮੇਰਾ ਅਨੁਭਵ, ਕੁਲਵੰਤ ਸਿੰਘ ਵਿਰਕ, ਭਾਸ਼ਾ ਵਿਭਾਗ , ਪੰਜਾਬ, ਮਿਤੀਹੀਣ , ਪੰਨੇ 59-60.

[13] , ਬਲਦੇਵ ਸਿੰਘ 'ਬੱਦਨ'(ਸੰਪ.), ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ, ਪੰਨਾ 19.

[14] ਉਹੀ, ਪੰਨਾ-63.

[15] ਉਹੀ,ਪੰਨਾ 134.